NSW GOVERNMENT

# What do I need to know if my child is expelled?

Parent/carer information

# ਜੇ ਮੇਰੇ ਬੱਚੇ ਨੂੰ ਬਰਖਾਸਤ ਕਰ ਦਿੱਤਾ ਜਾਂਦਾ ਹੈ ਤਾਂ ਮੈਨੂੰ ਕੀ ਜਾਣਨ ਦੀ ਲੋੜ ਹੈ?

## ਮਾਪੇ/ਸੰਭਾਲ ਕਰਨ ਵਾਲੇ ਲਈ ਜਾਣਕਾਰੀ

### ਬਰਖਾਸਤਗੀ ਕੀ ਹੁੰਦੀ ਹੈ?

ਬਰਖਾਸਤਗੀ ਉਦੋਂ ਹੁੰਦੀ ਹੈ ਜਦੋਂ ਪ੍ਰਿੰਸੀਪਲ ਅਤੇ ਡਾਇਰੈਕਟਰ, ਐਜੂਕੇਸ਼ਨਲ ਲੀਡਰਸ਼ਿਪ ਕਿਸੇ ਵਿਦਿਆਰਥੀ ਨੂੰ ਕਹਿੰਦੇ ਹਨ ਕੀ ਉਹਨਾਂ ਨੂੰ ਸਕੂਲ ਛੱਡ ਕੇ ਚਲੇ ਜਾਣਾ ਚਾਹੀਦਾ ਹੈ ਅਤੇ ਵਾਪਸ ਨਹੀਂ ਆਉਣਾ ਚਾਹੀਦਾ। ਬਰਖਾਸਤ ਕਰਨਾ ਇਕ ਗੰਭੀਰ ਮਾਮਲਾ ਹੈ। ਬਰਖਾਸਤ ਕੀਤੇ ਜਾਣ ਦਾ ਫੈਸਲਾ ਲੈਣ ਤੋਂ ਪਹਿਲਾਂ ਤੁਹਾਡੇ ਬੱਚੇ ਦਾ ਸਮਰਥਨ ਕਰਨ ਲਈ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਪ੍ਰਿੰਸੀਪਲ ਦੋ ਕਾਰਨਾਂ ਕਰਕੇ ਵਿਦਿਆਰਥੀਆਂ ਨੂੰ ਬਰਖਾਸਤ ਕਰ ਸਕਦੇ ਹਨ:

- ਵਿਦਿਆਰਥੀ ਗੰਭੀਰ ਵਿਹਾਰ ਦਰਸਾਉਂਦੇ ਹੋਣ ਅਤੇ ਉਹਨਾਂ ਦੇ ਵਿਹਾਰ ਦਾ ਪ੍ਰਬੰਧ ਕਰਨ ਦੀਆਂ ਯੋਜਨਾਵਾਂ ਕੰਮ ਨਾ ਕਰ ਰਹੀਆਂ ਹੋਣ।
- ਵਿਦਿਆਰਥੀ 17 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ ਅਤੇ ਉਹਨਾਂ ਨੇ ਪੜ੍ਹਾਈ ਵਿੱਚ ਹਿੱਸਾ ਨਹੀਂ ਲਿਆ ਹੈ।

ਪ੍ਰਿੰਸੀਪਲ ਸੋਚਣਗੇ ਕਿ ਸਕੂਲ ਨੇ ਤੁਹਾਡੇ ਬੱਚੇ ਨੂੰ ਬਰਖਾਸਤ ਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ ਉਹਨਾਂ ਦੀਆਂ ਲੋੜਾਂ ਅਤੇ ਪਿਛੋਕੜ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਦੀ ਸਿੱਖਿਆ ਵਿੱਚ ਕਿਵੇਂ ਸਹਾਇਤਾ ਕੀਤੀ ਹੈ।

ਸਕੂਲੋਂ ਬਰਖਾਸਤ ਕੀਤੇ ਜਾਣ ਤੋਂ ਪਹਿਲਾਂ, ਪ੍ਰਿੰਸੀਪਲ ਤੁਹਾਨੂੰ ਇਹ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰੇਗਾ/ਗੀ ਕਿ ਉਹ ਤੁਹਾਡੇ ਬੱਚੇ ਨੂੰ ਬਰਖਾਸਤ ਕਰਨ ਬਾਰੇ ਸੋਚ ਰਹੇ ਹਨ। ਉਹ ਸੰਭਾਵੀ ਬਰਖਾਸਤਗੀ ਦਾ ਲਿਖਤੀ ਨੋਟਿਸ ਜਾਰੀ ਕਰਨਗੇ ਅਤੇ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਕਾਰਨ ਦੱਸਣ ਲਈ ਮੀਟਿੰਗ ਵਿੱਚ ਆਉਣ ਦਾ ਸੱਦਾ ਦੇਣਗੇ ਅਤੇ ਇਸ ਬਾਰੇ ਗੱਲ ਕਰਨਗੇ ਕਿ ਜੇਕਰ ਉਹ ਤੁਹਾਡੇ ਬੱਚੇ ਨੂੰ ਬਰਖਾਸਤ ਕਰ ਦਿੰਦੇ ਹਨ ਤਾਂ ਕੀ ਵਾਪਰੇਗਾ। ਤੁਸੀਂ ਇਸ ਮੀਟਿੰਗ ਵਿੱਚ ਆਪਣੇ ਨਾਲ ਸਹਾਇਕ ਵਿਅਕਤੀ ਨੂੰ ਲਿਆ ਸਕਦੇ ਹੋ। ਸਹਾਇਤਾ ਕਰਨ ਵਾਲਾ ਵਿਅਕਤੀ ਤੁਹਾਨੂੰ ਅਤੇ/ਜਾਂ ਤੁਹਾਡੇ ਬੱਚੇ ਨੂੰ ਭਾਵਨਾਤਮਕ ਜਾਂ ਵਿਹਾਰਕ ਸਹਾਇਤਾ ਪ੍ਰਦਾਨ ਕਰ ਸਕਦਾ/ਦੀ ਹੈ।

ਲਿਖਤੀ ਨੋਟਿਸ ਦੀ ਤਰੀਕ ਤੋਂ ਬਾਅਦ, ਤੁਹਾਡੇ ਕੋਲ ਜਵਾਬ ਦੇਣ ਲਈ ਸੱਤ ਸਕੂਲੀ ਦਿਨ ਹੋਣਗੇ ਕਿ ਤੁਹਾਡੇ ਬੱਚੇ ਨੂੰ ਸਕੂਲ ਵਿੱਚੋਂ ਬਰਖਾਸਤ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ। ਪ੍ਰਿੰਸੀਪਲ ਫੈਸਲਾ ਲੈਣ ਦੀ ਪ੍ਰਕਿਰਿਆ ਕਰਨ ਤੋਂ ਪਹਿਲਾਂ ਇਸ ਜਵਾਬ ਦੀ ਵਰਤੋਂ ਕਰੇਗਾ/ਗੀ।

### ਜੇ ਮੇਰੇ ਬੱਚੇ ਨੂੰ ਸਕੂਲੋਂ ਬਰਖਾਸਤ ਕੀਤਾ ਗਿਆ ਤਾਂ ਕੀ ਹੋਵੇਗਾ?

ਪ੍ਰਿੰਸੀਪਲ ਅਤੇ ਡਾਇਰੈਕਟਰ, ਐਜੂਕੇਸ਼ਨਲ ਲੀਡਰਸ਼ਿਪ ਇਕੱਠੇ ਹੋ ਕੇ ਫੈਸਲਾ ਕਰਨਗੇ ਕਿ ਕੀ ਇਸ ਵਿਦਿਆਰਥੀ ਨੂੰ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵਿਦਿਆਰਥੀ ਨੂੰ ਬਰਖਾਸਤ ਕਰਨ ਦਾ ਫੈਸਲਾ ਲੇਣ ਦੇ 24 ਘੰਟਿਆਂ ਦੇ ਅੰਦਰ ਅੰਦਰ, ਪ੍ਰਿੰਸੀਪਲ ਨੂੰ ਵਿਦਿਆਰਥੀਅਤੇ ਉਹਨਾਂ ਦੇ ਮਾਪਿਆਂ ਜਾਂ ਸੰਭਾਲਕਾਂ ਅਤੇ NSW ਦੇ ਸਿੱਖਿਆ ਵਿਭਾਗ ਨੂੰ ਸੂਚਿਤ ਕਰਨਾ ਚਾਹੀਦਾ ਹੈ।

ਜੇਕਰ ਤੁਹਾਡੇ ਬੱਚੇ ਦੀ ਉਮਰ 17 ਸਾਲ ਤੋਂ ਘੱਟ ਹੈ ਅਤੇ ਉਸ ਦੇ ਵਿਵਹਾਰ ਦੇ ਕਾਰਨ ਉਸ ਨੂੰ ਸਕੂਲੋਂ ਬਰਖਾਸਤ ਕਰ ਦਿੱਤਾ ਗਿਆ ਹੈ, ਤਾਂ ਪ੍ਰਿੰਸੀਪਲ ਨੂੰ 15 ਸਕੂਲੀ ਦਿਨਾਂ ਦੇ ਅੰਦਰ ਸਿੱਖਿਆ ਜਾਰੀ ਰੱਖਣ ਲਈ ਇੱਕ ਨਵਾਂ ਸਕੂਲ ਜਾਂ ਵਿਕਲਪਕ ਸੈਟਿੰਗ ਲੱਭਣੀ ਚਾਹੀਦੀ ਹੈ।

ਜੇਕਰ ਤੁਹਾਡੇ ਬੱਚੇ ਦੀ ਉਮਰ 17 ਸਾਲ ਜਾਂ ਇਸ ਤੋਂ ਵੱਧ ਹੈ, ਤਾਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਪੜ੍ਹਾਈ ਜਾਰੀ ਰੱਖਣ ਜਾਂ ਕੰਮ ਵੱਲ ਨੂੰ ਤਬਦੀਲੀ ਕਰਨ ਵਾਲੇ ਵਿਕਲਪਾਂ ਦੀ ਭਾਲ ਕਰਨੀ ਚਾਹੀਦੀ ਹੈ।

### ਮੈਨੂੰ ਸਕੂਲ ਤੋਂ ਕਿਹੜੀ ਜਾਣਕਾਰੀ ਮਿਲ ਸਕਦੀ ਹੈ

ਤੁਸੀਂ ਸਕੂਲ ਨੂੰ ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਪੁੱਛ ਸਕਦੇ ਹੋ ਕਿ ਕੀ ਵਾਪਰਿਆ ਹੈ ਅਤੇ ਕਿਉਂ। ਸਕੂਲ ਨੂੰ ਤੁਹਾਨੂੰ ਕਿਸੇ ਵੀ ਲਏ ਗਏ ਫੈਸਲੇ ਦੇ ਪਿੱਛੇ ਵਰਤੇ ਤਰਕ ਬਾਰੇ ਦੱਸਣਾ ਚਾਹੀਦਾ ਹੈ, ਕਿਹੜੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ ਅਤੇ ਜੇ ਤੁਹਾਨੂੰ ਕੋਈ ਸਮੱਸਿਆ ਹੈ ਤਾਂ ਕੀ ਕਰਨਾ ਹੈ।

### ਕੀ ਮੈਂ ਬਰਖਾਸਗੀ ਬਾਰੇ ਅਪੀਲ ਕਰ ਸਕਦਾ/ਸਕਦੀ ਹਾਂ?

ਹਾਂ, ਜੇ ਤੁਸੀਂ ਮੰਨਦੇ ਹੋ ਕਿ ਪ੍ਰਿੰਸੀਪਲ ਅਤੇ ਡਾਇਰੈਕਟਰ, ਐਜੂਕੇਸ਼ਨਲ ਲੀਡਰਸ਼ਿਪ ਨੇ ਇੱਕ ਅਯੋਗ ਫੈਸਲਾ ਲਿਆ ਹੈ ਜਾਂ ਸਹੀ ਪ੍ਰਕਿਰਿਆਵਾਂ ਦੀ ਪਾਲਣਾ ਨਹੀਂ ਕੀਤੀ। ਅਪੀਲ ਸਰੋਤ ਵੇਖੋ।

ਤੁਹਾਡੇ ਬੱਚੇ ਦੀ ਵਕਾਲਤ ਕਰਨ ਬਾਰੇ ਜਾਣਕਾਰੀ ਉਪਲਬਧ ਹੈ, ਨਾਲ ਹੀ ਸਾਡਾ ਸਕੂਲ ਕਮਯੂਨਿਟੀ ਚਾਰਟਰ ਜੋ ਸਕੂਲਾਂ ਨਾਲ ਸੰਚਾਰ ਕਰਨ ਦੇ ਤਰੀਕਿਆਂ ਦੀ ਰੂਪਰੇਖਾ ਦਿੰਦਾ ਹੈ।

### ਮੈਂ ਸ਼ਿਕਾਇਤ ਕਿਵੇਂ ਕਰਾਂ?

ਜੇਕਰ ਤੁਹਾਨੂੰ ਬਰਖਾਸਤ ਕੀਤੇ ਜਾਣ, ਲਏ ਗਏ ਫੈਸਲਿਆਂ ਜਾਂ ਪ੍ਰਦਾਨ ਕੀਤੇ ਗਏ ਸਮਰਥਨ ਬਾਰੇ ਕੋਈ ਸ਼ਿਕਵੇ ਹਨ, ਤਾਂ ਕਿਰਪਾ ਕਰਕੇ ਸ਼ਿਕਾਇਤ ਕਰਨ ਬਾਰੇ ਵਧੇਰੇ ਜਾਣਕਾਰੀ ਲਈ ਵੈਬਸਾਈਟ ਵੇਖੋ।

### ਟੈਲੀਫੋਨ ਦੁਭਾਸ਼ੀਆ ਸੇਵਾ

ਜੈ ਤੁਸੀਂ ਸਕੂਲ ਨਾਲ ਸੰਪਰਕ ਕਰਨਾ ਚਾਹੋ ਅਤੇ ਤੁਹਾਨੂੰ ਅੰਗਰੇਜ਼ੀ ਵਿੱਚ ਸਹਾਇਤਾ ਚਾਹੀਦੀ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਦੁਭਾਸ਼ੀਆ ਸੇਵਾ ਨੂੰ ਫ਼ੋਨ ਕਰਕੇ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਵਿੱਚ ਸਹਾਇਤਾ ਚਾਹੀਦੀ ਹੈ ਅਤੇ ਅਪਰੇਟਰ ਨੂੰ ਕਹੋ ਕਿ ਉਹ ਸਕੂਲ ਨੂੰ ਫ਼ੋਨ ਕਰੇ। ਅਪਰੇਟਰ ਇੱਕ ਦੁਭਾਸ਼ੀਏ ਨੂੰ ਤੁਹਾਡੀ ਗੱਲ ਬਾਤ ਵਿੱਚ ਸਹਾਇਤਾ ਕਰਨ ਲਈ ਲਾਈਨ 'ਤੇ ਲਿਆਵੇਗਾ/ਲਿਆਵੇਗੀ। ਤੁਹਾਨੂੰ ਇਸ ਸੇਵਾ ਲਈ ਕੋਈ ਵੀ ਫ਼ੀਸ ਨਹੀਂ ਦੇਣੀ ਪਵੇਗੀ।